# ਪੈਰਾ ਮੈਡੀਕਲ ਕੋਰਸਾਂ ਵਾਸਤੇ ਕਾਨੂੰਨ ਬਣਾਉਣ ਬਾਰੇ ਪਟੀਸ਼ਨ

ਚੰਡੀਗੜ੍ਹ, 11 ਜਨਵਰੀ (ਰਮੇਸ਼ ਕਪਿਲਾ): ਵੱਖ-ਵੱਖ ਸੰਸਥਾਵਾਂ ਵਲੋਂ ਪੈਰਾ ਮੈਡੀਕਲ ਅਮਲੇ ਨੂੰ ਸਿਖਿਆ ਅਤੇ ਟ੍ਰੇਨਿੰਗ ਦੇਣ ਦੇ ਚਲਾਏ ਜਾ ਰਹੇ ਕੋਰਸਾਂ ਨੂੰ ਮਾਨਤਾ ਦੇਣ, ਉਨ੍ਹਾਂ ਦੀ ਰਜਿਸਟ੍ਰੇਸ਼ਨ ਕਰਨ ਅਤੇ ਉਨ੍ਹਾਂ ਨੂੰ ਪ੍ਰਵਾਨਗੀ ਦੇਣ ਬਾਰੇ ਕਾਨੂੰਨ ਬਣਾਏ ਜਾਣ ਦੀ ਲੋੜ 'ਤੇ ਜ਼ੋਰ ਦੇਣ ਵਾਲੀ ਇਕ ਜਨਹਿਤ ਪਟੀਸ਼ਨ ਅੱਜ ਮੁਢਲੀ ਸੁਣਵਾਈ ਵਾਸਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਚੀਫ਼ ਜਸਟਿਸ ਮੁਕੁਲ ਮੁਦਗਿਲ ਅਤੇ ਜਸਟਿਸ ਜਸਬੀਰ ਸਿੰਘ ਦੇ ਬੈਂਚ ਸਾਹਮਣੇ ਪੇਸ਼ ਹੋਈ। ਬੈਂਚ ਦਾ ਕਹਿਣਾ ਸੀ ਕਿ ਇਹ ਜਨਹਿਤ ਪਟੀਸ਼ਨ ਨਹੀਂ ਬਣਦੀ। ਇਸ ਕਰ ਕੇ ਬਿਹਤਰ ਹੋਵੇਗਾ ਕਿ ਇਸ ਨੂੰ ਉਹ ਬੈਂਚ ਹੀ ਸੁਣੇ ਜਿਸ ਨੇ ਇਸ ਨੂੰ ਜਨਹਿਤ ਪਟੀਸ਼ਨ ਮੰਨਦੇ ਹੋਏ ਉਨ੍ਹਾਂ ਕੋਲ ਭੇਜਿਆ ਸੀ। ਚੇਤੇ ਰਹੇ ਕਿ ਇਹ ਪਟੀਸ਼ਨ 6 ਜਨਵਰੀ ਨੂੰ ਜਸਟਿਸ ਸ੍ਰੀ. ਪ੍ਰਮੋਦ ਕੋਹਲੀ ਵਲੋਂ ਮੁਢਲੇ ਤੌਰ 'ਤੇ ਸੁਣੀ ਗਈ ਸੀ ਪਰ ਮਾਮਲੇ ਨੂੰ ਜਨਹਿਤ ਮਾਮਲਾ ਕਰਾਰ ਦਿੰਦਿਆਂ ਚੀਫ਼ ਜਸਟਿਸ ਦੇ ਬੈਂਚ ਕੋਲ ਭੇਜ ਦਿਤਾ ਸੀ। ਇਹ ਪਟੀਸ਼ਨ ਮੋਹਾਲੀ ਵਿਖੇ ਪੈਰਾ ਮੈਡੀਕਲ ਕੌਂਸਲ- 'ਪੰਜਾਬ-ਮੋਹਾਲੀ' ਵਲੋਂ ਇਸ ਦੇ ਜਨਰਲ ਸਕੱਤਰ ਡਾ. ਐਮ.ਐਸ. ਗਿੱਲ ਵਲੋਂ ਪਾਈ ਗਈ ਹੈ ਜਿਸ ਵਿਚ ਬੇਨਤੀ ਕੀਤੀ ਗਈ ਹੈ ਕਿ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਪੈਰਾ ਮੈਡੀਕਲ ਕੋਰਸਾਂ ਦੀ ਸਿਖਿਆ ਅਤੇ ਟ੍ਰੇਨਿੰਗ ਵਾਸਤੇ ਮਿਆਰ ਨਿਰਧਾਰਤ ਕਰਨ ਤੇ ਇਨ੍ਹਾਂ ਕੋਰਸਾਂ ਦੀ ਮਾਨਤਾ ਵਾਸਤੇ ਕੋਈ ਕਾਨੂੰਨ ਜਾਂ ਕਾਨੂੰਨੀ ਸੰਸਥਾ ਬਣਾਈ ਜਾਵੇ।

# ਹਾਈਕੋਰਟ ਦੇ ਫੈਸਲੇ ਨਾਲ ਪੈਰਾ ਮੈਡੀਕਲ ਦੇ ਹਜ਼ਾਰਾਂ ਵਿਦਿਆਰਥੀਆਂ ਨੂੰ ਰੋਜ਼ਗਾਰ ਮਿਲਣ ਦੀ ਆਸ ਬੱਝੀ

## ਪੰਜਾਬ ਅਤੇ ਹਰਿਆਣਾ ਸਰਕਾਰਾਂ ਪੈਰਾ ਮੈਡੀਕਲ ਐਕਟ ਲਾਗੂ ਕਰਨ : ਗਿੱਲ

ਜਲੰਧਰ, 10 ਅਪ੍ਰੈਲ (ਜੁਗਿੰਦਰ ਸੰਧੂ)-ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਪਿਛਲੇ ਦਿਨੀਂ ਲਏ ਗਏ 2 ਫੈਸਲਿਆਂ ਨਾਲ ਪੈਰਾ ਮੈਡੀਕਲ ਨਾਲ ਸੰਬੰਧਤ ਵੱਖ-ਵੱਖ ਕੋਰਸ ਕਰ ਰਹੇ ਪੰਜਾਬ ਅਤੇ ਹਰਿਆਣਾ ਦੇ ਹਜ਼ਾਰਾਂ ਵਿਦਿਆਰਥੀਆਂ ਨੂੰ ਪ੍ਰਾਈਵੇਟ ਅਤੇ ਸਰਕਾਰੀ ਨੌਕਰੀਆਂ ਮਿਲਣ ਦੀ ਆਸ ਮਜ਼ਬੂਤ ਹੋਈ ਹੈ। ਇਕ ਤਾਜ਼ਾ ਫੈਸਲੇ ਅਨੁਸਾਰ ਮਾਣਯੋਗ ਅਦਾਲਤ ਨੇ ਪੰਛੂ ਵੈਟਰਨਰੀ ਹਸਪਤਾਲ ਕੰਗ ਖਡੂਰ ਸਾਹਿਬ (ਤਰਨਤਾਰਨ) ਵਿਚ ਕੰਮ ਕਰਦੇ ਵੈਟਰਨਰੀ ਫਾਰਮਾਸਿਸਟ ਦੇ ਹੱਕ 'ਚ ਫੈਸਲਾ ਦਿੰਦਿਆਂ ਸਰਕਾਰ ਦੇ ਉਨ੍ਹਾਂ ਹੁਕਮਾਂ ਵਿਰੁੱਧ ਸਟੇਅ ਆਰਡਰ ਜਾਰੀ ਕੀਤਾ ਹੈ, ਜਿਸ ਅਨੁਸਾਰ ਉਸ ਨੂੰ ਨੌਕਰੀ ਤੋਂ ਫਾਰਗ ਕੀਤਾ ਜਾਣਾ ਸੀ। ਇਸ ਸੰਬੰਧ 'ਚ ਅਦਾਲਤ ਨੇ ਪਸ਼ੂ ਪਾਲਣ ਵਿਭਾਗ ਪੰਜਾਬ ਦੇ ਸੈਕਟਰੀ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਸਕੱਤਰ ਅਤੇ ਜ਼ਿਲਾ ਪ੍ਰੀਸ਼ਦ ਤਰਨਤਾਰਨ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਮਾਣਯੋਗ ਅਦਾਲਤ ਨੇ ਇਕ ਹੋਰ ਫੈਸਲੇ ਵਿਚ ਪੈਰਾ ਮੈਡੀਕਲ ਕੌਂਸਲ ਪੰਜਾਬ (ਮੋਹਾਲੀ) ਤੋਂ ਮਲਟੀਪਰਪਜ਼ ਹੈਲਥ ਵਰਕਰਜ਼ ਦਾ ਕੋਰਸ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਕਾਰੀ ਨੌਕਰੀਆਂ ਦੇ ਯੋਗ ਸਮਝਦਿਆਂ ਐੱਸ.ਐੱਸ ਬੋਰਡ ਪੰਚਕੂਲਾ ਅਤੇ ਹਰਿਆਣਾ ਸਰਕਾਰ ਨੂੰ ਹਦਾਇਤ ਕੀਤੀ ਸੀ ਕਿ 3 ਮਹੀਨਿਆਂ ਦੇ ਅੰਦਰ-ਅੰਦਰ ਇਨ੍ਹਾਂ ਵਿਦਿਆਰਥੀਆਂ ਦੀ ਇੰਟਰਵਿਊ ਲਈ ਜਾਣੀ ਯਕੀਨੀ ਬਣਾਈ ਜਾਵੇ। ਇਸ ਸੰਬੰਧ 'ਚ ਪੈਰਾ ਮੈਡੀਕਲ ਕੌਂਸਲ ਪੰਜਾਬ ਦੇ ਡਾਇਰੈਕਟਰ ਡਾ. ਮਨਜੀਤ ਸਿੰਘ ਗਿੱਲ ਨੇ ਕਿਹਾ ਕਿ ਅਦਾਲਤ ਦੇ ਉਪਰੋਕਤ ਫੈਸਲਿਆਂ ਦੇ ਸੰਦਰਭ ਵਿਚ ਹੁਣ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਪੈਰਾ ਮੈਡੀਕਲ ਐਕਟ ਤੁਰੰਤ ਲਾਗੂ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੌਂਸਲ ਦੇ ਅਧੀਨ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਵਿਚ 60 ਤੋਂ ਵੀ ਜ਼ਿਆਦਾ ਸੰਸਥਾਵਾਂ ਚੱਲ ਰਹੀਆਂ ਹਨ, ਜਿਨ੍ਹਾਂ ਵਿਚ ਹਜ਼ਾਰਾਂ ਵਿਦਿਆਰਥੀ ਵੱਖ-ਵੱਖ ਕੋਰਸ ਕਰ ਰਹੇ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਕੋਰਸ ਕਰਨ ਉਪਰੰਤ ਵੱਖ-ਵੱਖ ਜ਼ਿਲਾ ਪ੍ਰੀਸ਼ਦਾਂ ਵਲੋਂ ਕੀਤੀ ਭਰਤੀ ਅਧੀਨ ਨੌਕਰੀਆਂ ਵੀ ਪ੍ਰਾਪਤ ਕਰ ਚੁੱਕੇ ਹਨ। ਡਾ. ਗਿੱਲ ਨੇ ਕਿਹਾ ਕਿ ਅਸਲ ਵਿਚ ਪੈਰਾ ਮੈਡੀਕਲ ਡਿਪਲੋਮਾਧਾਰੀ ਵਿਦਿਆਰਥੀ ਮੈਡੀਕਲ ਖੇਤਰ ਦੀ ਬੈਕਬੋਨ ਹਨ ਅਤੇ ਸਰਕਾਰ ਨੂੰ ਇਨ੍ਹਾਂ ਵਿਦਿਆਰਥੀਆਂ ਨੂੰ ਵੀ ਪੂਰੀਆਂ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ।



ਡਾ. ਮਨਜੀਤ ਸਿੰਘ ਗਿੱਲ